# ਪ੍ਰਧਾਨ ਮੰਤਰੀ ਦੀ ਬਦਲਦੀ ਭੂਮਿਕਾ

**ਭੂਮਿਕਾ** :- 1989 ਤੱਕ ਪ੍ਰਧਾਨ ਮੰਤਰੀ ਦੀ ਭੂਮਿਕਾ ਸੰਸਦੀ ਸਰਕਾਰ ਦੇ ਨੇਤਾ ਦੇ ਰੂਪ ਵਿੱਚ ਮਹੱਤਵਪੂਰਨ ਅਤੇ ਪ੍ਰਭਾਵਸ਼ਾਲੀ ਰਹੀ ਹੈ। ਪਰ 1989 ਮਗਰੋਂ ਗਠਬੰਧਨ ਰਾਜਨੀਤੀ ਦੇ ਫਲਸਰੂਪ ਪ੍ਰਧਾਨ ਮੰਤਰੀ ਦੀ ਭੂਮਿਕਾ ਵਿੱਚ ਮਹੱਤਵਪੂਰਨ ਪਰਿਵਰਤਨ ਆਇਆ ਹੈ।

1) **ਮੰਤਰੀ ਪਰਿਸ਼ਦ ਦੇ ਨਿਰਮਾਣ ਸਬੰਧੀ**- ਕੋਈ  ਸਮਾਂ ਸੀ ਜਦੋਂ ਮੰਤਰੀ ਮੰਡਲ ਦੇ ਨਿਰਮਾਣ ਸੰਬੰਧੀ ਪ੍ਰਧਾਨ ਮੰਤਰੀ ਦੀ ਪ੍ਰਮੁੱਖ ਭੂਮਿਕਾ ਹੁੰਦੀ ਸੀ । ਮੰਤਰੀਆਂ ਦੀ ਚੋਣ ਕਰਨ ਤੇ ਕਾਫ਼ੀ ਹੱਦ ਤੱਕ ਸੁਤੰਤਰ ਹੁੰਦਾ ਸੀ ਅਤੇ ਉਹ ਕਿਸੇ ਅਜਿਹੇ ਵਿਅਕਤੀ ਨੂੰ ਮੰਤਰੀ ਪਰਿਸ਼ਦ ਵਿਚ ਸ਼ਾਮਿਲ ਕਰਨ ਲਈ ਸੀ ਜੋ ਵਿਅਕਤੀ ਉਸ ਨੂੰ ਚੰਗਾ ਨਾ ਲੱਗਦਾ ਹੋਵੇ ਜਾਂ ਜਿਸਨੂੰ ਉਹ ਮੰਤਰੀ ਦੀ ਪਦਵੀ ਦੇ ਯੋਗ ਨਾ ਸਮਝਦਾ ਹੋਵੇ ਪਰ ਜਦੋਂ ਦੀ ਆ ਰਾਜਨੀਤਿਕ ਦਲਾਂ ਦੀ ਘੱਟ ਗਿਣਤੀ ਦੀ ਸਰਕਾਰ ਦੇ ਮੰਤਰੀ ਪਰਿਸ਼ਦ ਦਾ ਆਗਮਨ ਹੋਇਆ ਹੈ ਉਦੋਂ ਤੋਂ ਹੀ ਮੰਤਰੀ ਮੰਡਲ ਦੇ ਕੇ ਸੰਬੰਧੀ ਪ੍ਰਧਾਨ ਮੰਤਰੀ ਦੀ ਸਥਿਤੀ ਕਾਫੀ ਕਮਜ਼ੋਰ ਹੋ ਗਈ ਹੈ।

2) **ਮੰਤਰੀਆਂ ਦੇ ਰੁਤਬਿਆਂ ਸੰਬੰਧੀ** :- ਮੰਤਰੀ ਪਰਿਸ਼ਦ ਵਿਚ ਕੈਨ ਮੰਤਰੀ, ਰਾਜ ਮੰਤਰੀ ਅਤੇ ਉਪ-ਮੰਤਰੀ ਹੁੰਦੇ ਹਨ। ਪ੍ਰਧਾਨ ਮੰਤਰੀ ਦਾ ਇਹ ਵਿਸ਼ੇਸ਼ ਅਧਿਕਾਰ ਹੈ ਕਿ ਉਹ ਮੰਤਰੀਆਂ ਨੂੰ ਰੁਤਬੇ ਪ੍ਰਦਾਨ ਇਸ ਗੱਲ ਦਾ ਨਿਰਣਾ ਪ੍ਰਧਾਨ ਮੰਤਰੀ ਨੇ ਕਰਨਾ ਹੁੰਦਾ ਹੈ ਕਿ ਕਿਹੜੇ ਮੰਤਰੀ ਨੂੰ ਕੈਬਨਿਟ ਮੰਤਰੀ, ਕਿਸ ਨੂੰ ਰਾਜ ਮੰਤਰੀ ਅਤੇ ਇਸ ਉਪ-ਮੰਤਰੀ ਬਣਾਇਆ ਜਾਵੇ ਪਰ ਜਦੋਂ ਦਾ ਘੱਟ-ਗਿਣਤੀ ਵਾਲੀਆਂ ਸਾਂਝੀਆਂ ਸਰਕਾਰਾਂ ਦਾ ਕਾਲ ਆਰੰਭ ਹੋਇਆ ਹੈ ਪ੍ਰਧਾਨ ਮੰਤਰੀ ਨੂੰ ਕਿ ਅਧਿਕਾਰ ਤੋਂ ਕਾਫੀ ਹੱਦ ਤੱਕ ਵੰਚਿਤ ਕਰ ਦਿੱਤਾ ਗਿਆ ਹੈ। ਸਰਕਾਰ ਵਿਚ ਸ਼ਾਮਿਲ ਹਰੇਕ ਦਲ ਨੂੰ ਮੰਤਰੀ ਪਰਿਸ਼ਦ ਵਿਚ ਲਿਆ ਜ਼ਰੂਰ ਮਿਲਦੀ ਹੈ। ਇਹ ਪ੍ਰਤੀਨਿਧਤਾ ਲੋਕ ਸਭਾ ਵਿਚ ਹਰੇਕ ਦਲ ਦੇ ਮੈਂਬਰਾਂ ਦੀ ਸੰਖਿਆ ਦੇ ਅਨੁਪਾਤ ਵਿਚ ਅਤੇ ਉਸਦੀ ਰਾਜਨੀਤ ਮਹਤਤਾ ਨੂੰ ਮੁੱਖ ਰੱਖ ਕੇ ਦਿੱਤੀ ਜਾਂਦੀ ਹੈ।

3) **ਮੰਤਰੀਆਂ ਨੂੰ ਵਿਭਾਗ ਸੌਂਪਣ ਸਬੰਧੀ**:- ਮੰਤਰੀਆਂ ਵਿਚ ਵਿਭਾਗਾਂ ਦੀ ਵੰਡ ਕਰਨਾ ਪ੍ਰਧਾਨ ਮੰਤਰੀ ਦਾ ਵਿਸ਼ੇਸ਼ ਅਧਿਕਾਰ ਹੈ ਪਰ ਵਰਤਮਾਨ ਗਠਬੰਧਨਮਈ ਰਾਜਨੀਤੀ ਦੇ ਯੁੱਗ ਵਿਚ ਕੰਮ ਕਰ ਰਹੀ ਅਨੇਕਾਂ ਰਾਜਨੀਤਿਕ ਦਲਾਂ ਦੀ ਘੱਟ-ਗਿਣਤੀ ਦੀ ਸਰਕਾਰ ਦੇ ਪ੍ਰਧਾਨ ਮੰਤਰੀ ਨੂੰ ਇਸ ਅਧਿਕਾਰ ਤੇ ਵਿਵਹਾਰਿਕ ਤੌਰ 'ਤੇ ਕਾਫੀ ਹੱਦ ਤਕ ਵੰਚਿਤ ਕਰ ਦਿੱਤਾ ਗਿਆ ਹੈ। ਸਰਕਾਰ ਵਿਚ ਸ਼ਾਮਿਲ ਹਰੇਕ ਰਾਜਨੀਤਿਕ ਦਲ ਆਪਣੇ ਪ੍ਰਤੀਨਿਧ ਲਈ ਅਜਿਹੇ ਵਿਭਾਗਾਂ ਦੀ ਲਾਲਸਾ ਕਰਦਾ ਹੈ ਜਿਹੜੇ ਵਿਭਾਗ ਉਹਨਾਂ ਨੂੰ ਰਾਜਨੀਤਿਕ ਤੌਰ 'ਤੇ ਹੋਰ ਕਈ ਪੱਖੋਂ ਲਾਭਦਾਇਕ ਸਿੱਧ ਹੁੰਦੇ ਹੋਣ। ਇਸ ਲਈ ਸਰਕਾਰ ਵਿਚ ਸ਼ਾਮਿਲ ਸਾਰੇ ਰਾਜਨੀਤਿਕ ਦਲ ਆਪਣੇ ਮੈਂਬਰਾਂ ਲਈ ਮਹੱਤਵਪੂਰਨ ਵਿਭਾਗਾਂ ਦੀ ਮੰਗ ਕਰਦੇ ਹਨ

**4) ਨੀਤੀ ਨਿਰਣੇ ਲੈਣ ਸਬੰਧੀ**:- ਮੰਤਰੀ ਮੰਡਲ ਸਰਕਾਰ ਦੀਆਂ ਨੀਤੀਆਂ ਦਾ ਦੀ ਵੱਲ ਸਬੰਧੀ ਦਾ ਹੈ। ਹਰ ਤਰ੍ਹਾਂ ਦੀ ਨੀਤੀ ਦਾ ਨਿਰਮਾਣ ਮੰਤਰੀ ਮੰਡਲ ਦੁਆਰਾ ਕੀਤਾ ਜਾਂਦਾ ਹੈ। ਨੀਤੀ-ਨਿਰਣਿਆਂ ਵਿਚ ਪ੍ਰਧਾਨ ਮੰਤਰੀ ਜਾਣਾ ਹੁੰਦਾ ਹੈ । ਪ੍ਰਧਾਨ ਮੰਤਰੀ ਦੀ ਸਹਿਮਤੀ ਤੋਂ ਬਿਨਾਂ ਕੋਈ ਨੀਤੀ-ਨਿਰਣਾ ਮੰਤਰੀ-ਮੰਡਲ ਦੁਆਰਾ ਨਹੀਂ ਲਿਆ ਜਾ ਸਕਦਾ ਘੱਟ ਗਿਣਤੀ ਦੀ ਸਰਕਾਰ ਦੇ ਪ੍ਰਧਾਨ ਮੰਤਰੀ ਦੀ ਸਥਿਤੀ ਇਸ ਪੱਖੋਂ ਵੀ ਕਮਜ਼ੋਰ ਹੋਈ ਹੈ। ਸਾਂਝੀ ਸਰਕਾਰ ਦਾ ਨਿਰਮਾਣ ਕਰਨ ਰਾਜਨੀਤਿਕ ਦਲ ਅਜਿਹਾ ਸਾਂਝਾ ਕਾਰਜਕ੍ਰਮ ਤਿਆਰ ਕਰਦੇ ਹਨ, ਜਿਸ ਦੇ ਆਧਾਰ `ਤੇ ਉਹ ਸ਼ਾਸਨ ਦਾ ਸੰਚਾਲਨ ਕਰਨ ਲਈ ਹਨ।

5) **ਨਿਰਦੇਸ਼ਕ ਸੰਮਤੀ ਪ੍ਰਧਾਨ ਮੰਤਰੀ ਦੀ ਸ਼ਕਤੀ ਉੱਤੇ ਇੱਕ ਮਹੱਤਵਪੂਰਨ ਰੋਕ** : ਵੱਖ -ਵੱਖ ਰਜਨੀਤਿਕ ਦਲਾਂ ਦੀ ਸਾਂਝੀ ਸਰਕਾਰ ਦੀ ਪਾਵਈ ਨਿਰਦੇਸ਼ਕ ਸੰਮਤੀ ਦੁਆਰਾ ਕੀਤੀ ਜਾਂਦੀ ਹੈ। ਅਜਿਹੀ ਸੰਮਤੀ ਵਿਚ ਸਰਕਾਰ ਵਿਚ ਸ਼ਾਮਿਲ ਰਾਜਨੀਤਿਕ ਦਲਾਂ ਦੇ ਮਹੱਤਵਪੂਰਨ ਦਾ ਸ਼ਾਮਿਲ ਹੁੰਦੇ ਹਨ। ਇਸ ਤਰ੍ਹਾਂ ਦੀ ਸੰਮਤੀ ਦਾ ਨਿਰਮਾਣ ਜੂਨ, 1996 ਵਿਚ ਸ੍ਰੀ ਐਚ.ਡੀ. ਦੇਵਗੌੜਾ ਦੀ ਅਗਵਾਈ ਅਧੀਨ ਬਣੀ ਯੁਕਤ ਮੋਰਚਾ ਦੀ ਸਾਂਝੀ ਸਰਕਾਰ ਸਮੇਂ ਕੀਤਾ ਗਿਆ ਸੀ। ਉਸ ਸੰਮਤੀ ਵਿਚ ਸੰਯੁਕਤ ਮੋਰਚਾ ਵਿਚ ਸ਼ਾਮਿਲ ਰਾਜਨੀਤਿਕ ਦਲਾਂ ਨੂੰ ਪ੍ਰਤੀਨਿਧਤਾ ਦਿੱਤੀ ਗਈ ਸੀ। ਉਸ ਸੰਮਤੀ ਨੂੰ ਸੰਯੁਕਤ ਮੋਰਚਾ ਦੀ ਨਿਰਦੇਸ਼ਕ ਸੰਮਤੀ ਕਿਹਾ ਜਾਂਦਾ ਸੀ।

**6) ਸੰਸਦ ਸਬੰਧੀ** :- ਸੰਸਦ ਸੰਬੰਧੀ ਵੀ ਪ੍ਰਧਾਨ ਮੰਤਰੀ ਦੀ ਭੂਮਿਕਾ ਵਿਚ ਮੰਗਲਾ (Super vine) ਦੀ ਉਪਮਾ ਦੇਣ ਲੱਗ ਪਏ ਹਨ। ਪਰਿਵਰਤਨ ਆਇਆ ਹੈ। ਇਸ ਪਰਿਵਰਤਨ ਦਾ ਮੁੱਖ ਕਾਰਨ ਇਹ ਹੈ ਕਿ ਵੱਖ-ਵੱਖ ਦਲਾਂ ਦੀ ਸਾਂਝੀ ਸਰਕਾਰ ਵੀ ਘੱਟ ਸਰਕਾਰ ਹੈ ਅਤੇ ਉਸ ਨੂੰ ਲੋਕ ਸਭਾ ਵਿਚ ਦੂਜੇ ਰਾਜਨੀਤਿਕ ਦਲਾਂ ਦੇ ਬਾਹਰਲੇ ਸਮਰਥਨ 'ਤੇ ਨਿਰਭਰ ਹੋਣਾ ਪੈਂਦਾ ਹੈ। ਅੱਜ ਵਿਚ ਪ੍ਰਧਾਨ ਮੰਤਰੀ ਉਨ੍ਹਾਂ ਕਾਨੂੰਨਾਂ ਦਾ ਨਿਰਮਾਣ ਕਰਵਾ ਸਕਦਾ ਹੈ ਜਿਹੜੇ ਕਾਨੂੰਨਾਂ ਨਾਲ ਸਰਕਾਰ ਨੂੰ ਬਾਹਰ ਤੋਂ ਸਮਰਥਨ ਦੇਖਦੇ ਰਾਜਨੀਤਿਕ ਦਲ ਸਹਿਮਤ ਹੁੰਦੇ ਹਨ। ਜੇਕਰ ਉਨ੍ਹਾਂ ਦਲਾਂ ਦੀ ਸਹਿਮਤੀ ਨਾ ਹੋਵੇ ਤਾਂ ਪ੍ਰਧਾਨ ਮੰਤਰੀ ਲਈ ਆਪਣੀ ਸਰਕਾਰ ਦੇ ਕਾਰਜਕ੍ਰਮ ਨੂੰ ਕਰਨਾ ਲਗਭਗ ਅਸੰਭਵ ਹੋ ਜਾਂਦਾ ਹੈ।

**7) ਮਾਮਲਾ ਆਧਾਰਿਤ ਸਮਰਥਨ ਦੀ ਪ੍ਰਥਾ** :- ਭਾਰਤੀ ਸੰਸਦੀ ਲੋਕਤੰਤਰ ਵਿਚ ਮਾਮਲਾ-ਆਧਾਰਿਤ ਸਮਰਥਨ ਦੀ ਇਕ ਨਵੀਂ ਪ੍ਰਥਾ ਵਿਕਸਿਤ ਹੋਈ ਹੈ। ਕਈ ਰਾਜਨੀਤਿਕ ਦਲ ਸਰਕਾਰ ਨੂੰ ਪੂਰਾ ਮਰਥਨ ਨਹੀਂ ਦਿੰਦੇ ਹਨ, ਸਗੋਂ ਉਹ ਕੇਵਲ ਉਨ੍ਹਾਂ ਮਾਮਲਿਆਂ ਸੰਬੰਧੀ ਹੀ ਸਰਕਾਰ ਦਾ ਸਾਥ ਦਿੰਦੇ ਹਨ ਜਿਹੜੇ ਮਾਮਲੇ ਉਨ੍ਹਾਂ ਦੀ ਆਪਣੀ ਕੀਤੀ ਜਾਂ ਰਾਜਨੀਤੀ ਦੇ ਅਨੁਕੂਲ ਹੋਣ। ਇਸ ਤਰ੍ਹਾਂ ਦੀ ਸਥਿਤੀ ਸਰਕਾਰ ਲਈ ਅਨਿਸ਼ਚਿਤਤਾ ਪੈਦਾ ਕਰਦੀ ਹੈ ਅਤੇ ਭਾਰਤੀ ਰਾਜਨੀਤੀ ਵਿਚ ਅਵਸਰਵਾਦ ਨੂੰ ਉਤਸ਼ਾਹਿਤ ਕਰਦੀ ਹੈ। ਸਰਕਾਰ ਨੂੰ ਇਹ ਭਰੋਸਾ ਨਹੀਂ ਹੁੰਦਾ ਹੈ ਕਿ ਉਸਨੂੰ ਮਾਮਲਾ ਆਧਾਰਿਤ ਸਮਰਥਨ ਦੇਣ ਵਲਾ ਰਾਜਨੀਤਿਕ ਦਲ ਕਿਸੇ ਵਿਸ਼ੇਸ਼ ਵਿਸ਼ੇ ਸੰਬੰਧੀ ਸਰਕਾਰ ਨੂੰ ਸਮਰਥਨ ਦੇਵੇਗਾ ਜਾਂ ਨਹੀ।

ਂ

**ਸਾਂਝੇ ਸਰਕਾਰ ਵਿੱਚ ਸਹਿਭਾਗੀ ਰਾਜਨੀਤਿਕ ਦਲਾਂਪ੍ਰਤੀਤੁਸ਼ਟੀ ਕਰਨ ਦੀ ਨੀਤੀ** :- ਪ੍ਰਧਾਨ ਮੰਤਰੀ ਦੀ ਭੂਮਿਕਾ ਅਤੇ ਨੇਤਾ ਨੂੰ ਕਮਜ਼ੋਰ ਕਰਨ ਵਾਲਾ ਸਭ ਤੋਂ ਜ਼ਿਆਦਾ ਮਹੱਤਵਪੂਰਨ ਤੱਥ ਇਹ ਹੈ ਕਿ ਸਰਕਾਰ ਵਿਚ ਸ਼ਾਮਿਲ ਵੱਖ-ਵੱਖ ਰਾਜਨੀਤਿਕ ਦਲਾ ਦੇ ਵਿਚਾਰਾਂ ਅਤੇ ਰਾਜਨੀਤਿਕ ਹਿੱਤਾਂ ਵਿਚ ਬਹੁਤ ਜ਼ਿਆਦਾ ਅੰਤਰ ਹੁੰਦਾ ਹੈ। ਉਸ ਅੰਤਰ ਦੇ ਕਾਰਨ ਹਰੇਕ ਸ਼ਾਸਕ ਰਾਜਨੀਤਿਕ ਦਲ ਸ਼ਾਸਨ ਸ਼ਕਤੀ ਨੂੰ ਆਪਣੇ ਹਿੱਤਾਂ ਦੇ ਵਿਕਾਸ ਲਈ ਵਰਤਣ ਦਾ ਇਛੁੱਕ ਹੁੰਦਾ ਹੈ। ਕਈ ਰਾਜਨੀਤਿਕ ਦਲ ਤਾਂ ਕੁਝ ਸ਼ਰਤਾਂ ਦੇ ਆਧਾਰ ਤੇ ਸਾਂਝੀ ਸਰਕਾਰ ਵਿਚ ਸ਼ਾਮਿਲ ਹੁੰਦੇ ਹਨ।

**9) ਆਪਣੇ ਦਲ ਸਬੰਧੀ** :- ਪ੍ਰਧਾਨ ਮੰਤਰੀ ਨੂੰ ਆਪਣੇ ਦਲ ਵੱਲੋਂ ਵੀ ਕੁਝ ਮੁਸਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਆਪਣੇ ਦਲ ਦੇ ਮਹੱਤਵਪੂਰਨ ਨੇਤਾਵਾਂ ਦੇ ਦਬਾਉ ਤੋਂ ਸੁਤੰਤਰ ਨਹੀਂ ਹੋ ਸਕਦਾ ਹੈ । ਵਰਤਮਾਨ ਪ੍ਰਧਾਨ ਮੰਤਰੀ ਕਾਗਰਸ ਦਲ ਨਾਲ ਸੰਬੰਧਿਤ ਹਨ । ਸ੍ਰੀਮਤੀ ਸੋਨੀਆ ਗਾਂਧੀ ਕਾਂਗਰਸ ਦੇ ਪ੍ਰਧਾਨ ਹਨ। ਉਨ੍ਹਾਂ ਦੇ ਬੇਟੇ ਸ੍ਰੀ ਰਾਹੁਲ ਗਾਂਧੀ ਲੋਕ ਸਭਾ ਦੇ ਮੈਂਬਰ ਹਨ ਅਤੇ ਉਨਾਂ ਨੂੰ ਕਾਂਗਰਸ ਵਿਚ ਵਿਸ਼ੇਸ਼ ਮਹਤਤਾ ਪ੍ਰਾਪਤ ਹੈ। ਹੋਰ ਵੀ ਅਨੇਕਾਂ ਮਹੱਤਵਪੂਰਨ ਨੇਤਾ ਕਾਂਗਰਸ ਵਿਚ ਮੌਜੂਦ ਹਨ। ਪ੍ਰਧਾਨ ਮੰਤਰੀ ਲਈ ਆਪਣੇ ਦਲ ਦੇ ਅਜਿਹੇ ਮਹੱਤਵਪੂਰਨ ਨੇਤਾਵਾਂ ਦੇ ਵਿਚਾਰਾਂ ਅਤੇ ਦਬਾਓ ਨੂੰ ਅੱਖੋਂ ਓਹਲੇ ਕਰਨਾ ਸੰਭਵ ਨਹੀਂ।

**ਸਿੱਟਾ** :- ਪ੍ਰਧਾਨ ਮੰਤਰੀ ਦੀ ਭੂਮਿਕਾ ਅਤੇ ਸਥਿਤੀ ਸਬੰਧੀ ਉਪਰੋਕਤ ਵਰਣਿਤ ਦੇਸ਼ ਗਠਬੰਧਨ ਲਈ ਸਰਕਾਰ ਦੇ ਪ੍ਰਧਾਨ ਨਾਲ ਸਬੰਧਿਤ ਰਹੇ ਹਨ। ਪਰ ਅਪ੍ਰੈਲ-ਮਈ 2014 ਵਿੱਚ ਹੋਈਆਂ 16ਵੀਂ ਲੋਕਸਭਾ ਦੀਆਂ ਚੋਣਾਂ ਉਪਰੰਤ ਭਾਰਤੀ ਜਨਤਾ ਪਾਰਟੀ ਨੂੰ ਵੀ ਲੋਕਸਭਾ ਵਿੱਚ ਸਪਸ਼ਟ ਬਹੁਮਤ ਪ੍ਰਾਪਤ ਹੋਇਆ ਸੀ। ਇਕ ਹੀ ਰਾਜਨੀਤਿਕ ਦਲ ਦੁਆਰਾ ਲੋਕਸਭਾ ਵਿੱਚ ਸਪਸ਼ਟ ਬਹੁਮਤ ਦੀ ਲੱਗਭਗ 25 ਸਾਲ ਮਗਰੋਂ ਹੋਈ ਸੀ। ਉਨ੍ਹਾਂ ਨੂੰ ਇਸੇ ਕਾਰਨ ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਦੀ ਪੱਦਵੀ ਤੇ ਨਿਯੁਕਤ ਕੀਤਾ ਹੈ । ਜੇਕਰ ਭਵਿੱਖ ਵਿਚ ਇਕ ਹੀ ਰਾਜਨੀਤਿਕ ਦਲ ਨੂੰ ਲੋਕਸਭਾ ਵਿਚ ਸਪੱਸ਼ਟ ਬਹੁਮਤ ਹੁੰਦਾ ਰਿਹਾ ਤਾਂ ਪ੍ਰਧਾਨ ਮੰਤਰੀ ਦੀ ਬਦਲਦੀ ਭੂਮਿਕਾ ਦਾ ਵਿਸ਼ਾ ਭਾਰਤੀ ਇਤਿਹਾਸ ਦਾ ਇੱਕ ਭਾਗ ਬਣ ਕੇ ਰਹਿ ਜਾਵੇਗਾ।

# Thanks
# Darshan Kaur